# ਵਿਦਿਆਰਥੀਆਂ, ਮਾਪਿਆਂ ਅਤੇ ਗਾਰਡੀਅਨਾਂ ਲਈ ਜਾਣਕਾਰੀ
# ਫਾਉਂਡੇਸ਼ਨ ਸਕਿਲਜ਼ ਅਸੈੱਸਮੈਂਟ: ਸਵਾਲ ਅਤੇ ਜਵਾਬ

1 **ਸਵਾਲ** ਫਾਉਂਡੇਸ਼ਨ ਸਕਿਲਜ਼ ਅਸੈੱਸਮੈਂਟ (ਐੱਫ ਐੱਸ ਏ) ਕੀ ਹੈ?

**ਜਵਾਬ** ਐੱਫ ਐੱਸ ਏ ਪੜ੍ਹਨ, ਲਿਖਣ ਅਤੇ ਹਿਸਾਬ ਦੇ ਟੈੱਸਟਾਂ ਦਾ ਇਕ ਸੈੱਟ ਹੈ। ਐੱਫ ਐੱਸ ਏ ਸੂਬਾਈ ਪਾਠਕ੍ਰਮ ਵਿਚ ਮਹੱਤਵਪੂਰਨ ਹੁਨਰਾਂ ਨੂੰ ਮਾਪਦਾ ਹੈ। ਇਹ ਵਿਦਿਆਰਥੀਆਂ ਵਲੋਂ ਕਈ ਸਾਲਾਂ ਵਿਚ ਗ੍ਰਹਿਣ ਕੀਤੇ ਗਏ ਹੁਨਰਾਂ ਨੂੰ ਮਾਪਦਾ ਹੈ ਨਾ ਕਿ ਕਿਸੇ ਇਕ ਸਾਲ ਵਿਚ ਗ੍ਰਹਿਣ ਕੀਤੇ ਗਏ ਹੁਨਰਾਂ ਨੂੰ।

2 **ਸਵਾਲ** ਕੀ ਐੱਫ ਐੱਸ ਏ ਵਿਚ ਕੋਈ ਨਵੀਂਆਂ ਤਬਦੀਲੀਆਂ ਹੋਈਆਂ ਹਨ?

**ਜਵਾਬ** ਹਾਂ, ਐੱਫ ਐੱਸ ਏ ਵਿਚ ਸਾਲ 2008 ਵਿਚ ਤਿੰਨ ਮਹੱਤਵਪੂਰਨ ਤਬਦੀਲੀਆਂ ਕੀਤੀਆਂ ਗਈਆਂ ਸਨ:

1. ਐੱਫ ਐੱਸ ਏ ਮਈ ਦੀ ਬਜਾਏ ਫਰਵਰੀ ਵਿਚ ਹੁੰਦੇ ਹਨ।
2. ਬਹੁ-ਚੋਣਾਂ (ਮਲਟੀਪਲ ਚੁਆਇਸ) ਵਾਲੇ ਸਵਾਲ (ਲਿਖਤੀ ਜਵਾਬ ਨਹੀਂ) ਕੰਪਿਊਟਰ ਦੀ ਵਰਤੋਂ ਨਾਲ ਇੰਟਰਨੈੱਟ 'ਤੇ ਪੂਰੇ ਕੀਤੇ ਜਾਂਦੇ ਹਨ।
3. ਟੀਚਰ ਵਿਦਿਆਰਥੀਆਂ ਦੇ ਲਿਖਤੀ ਕੰਮ ਦੇ ਨੰਬਰ ਲਾਉਂਦੇ ਹਨ ਪਰ ਇਹ ਨੰਬਰ ਸਕੂਲਾਂ ਜਾਂ ਜਿਲ੍ਹਿਆਂ ਵਿਚ ਲੱਗਦੇ ਹਨ ਨਾ ਕਿ ਕਿਸੇ ਕੇਂਦਰੀ ਸਥਾਨ 'ਤੇ।

ਇਨ੍ਹਾਂ ਤਬਦੀਲੀਆਂ ਨਾਲ ਨਤੀਜੇ ਛੇਤੀ, ਉਸੇ ਸਕੂਲ ਸਾਲ ਵਿਚ ਪਤਾ ਲੱਗ ਜਾਂਦੇ ਹਨ।

3 **ਸਵਾਲ** ਸਾਲ 2008 ਵਿਚ ਐੱਫ ਐੱਸ ਏ ਵਿਚ ਤਬਦੀਲੀਆਂ ਕਿਉਂ ਕੀਤੀਆਂ ਗਈਆਂ ਸਨ?

**ਜਵਾਬ** ਇਹ ਤਬਦੀਲੀਆਂ, ਮਨਿਸਟਰੀ ਨੂੰ ਇਸ ਚੀਜ਼ ਦੇ ਯੋਗ ਬਣਾਉਂਦੀਆਂ ਹਨ ਕਿ ਉਹ ਨਤੀਜੇ ਮਾਰਚ ਦੇ ਅੰਤ ਤੱਕ ਮਾਪਿਆਂ ਨੂੰ ਵਾਪਸ ਭੇਜ ਸਕੇ ਅਤੇ ਸਕੂਲ ਸਾਲ ਦੇ ਵਿਚ ਵਿਚ ਜਿਲ੍ਹੇ ਅਤੇ ਸਕੂਲ ਪੱਧਰਾਂ ਨੂੰ ਵਾਪਸ ਭੇਜ ਸਕੇ। ਇਨ੍ਹਾਂ ਮੁਢਲੇ ਹੁਨਰਾਂ ਨਾਲ ਜੱਦੋਜਹਿਦ ਕਰ ਰਹੇ ਵਿਦਿਆਰਥੀਆਂ ਲਈ, ਐੱਫ ਐੱਸ ਏ ਸਕੂਲ ਸਾਲ ਦੇ ਅੰਤ ਤੋਂ ਪਹਿਲਾਂ ਵਿਦਿਆਰਥੀਆਂ ਅਤੇ ਵਿਦਿਆਰਥੀਆਂ ਦੇ ਗਰੁੱਪਾਂ ਦੀ ਮਦਦ ਕਰਨ ਲਈ ਵਿਉਂਤਾਂ ਬਣਾਉਣ ਲਈ ਸਕੂਲ ਨੂੰ ਹੋਰ ਉਪਾਅ ਪ੍ਰਦਾਨ ਕਰਦਾ ਹੈ।

4 **ਸਵਾਲ** ਐੱਫ ਐੱਸ ਏ ਕੁਝ ਸਕੂਲਾਂ ਵਿਚ ਕੁਝ ਵਿਦਿਆਰਥੀਆਂ ਦਾ ਨਮੂਨਾ ਲੈਣ ਦੀ ਬਜਾਏ ਸਾਰੇ ਵਿਦਿਆਰਥੀਆਂ ਦਾ ਨਮੂਨਾ ਕਿਉਂ ਲਿਆ ਜਾਂਦਾ ਹੈ?

**ਜਵਾਬ** ਸਾਰੇ ਵਿਦਿਆਰਥੀਆਂ ਦਾ ਟੈੱਸਟ ਲੈਣ ਨਾਲ ਹਰ ਇਕ ਵਿਦਿਆਰਥੀ ਬਾਰੇ ਜਾਣਕਾਰੀ ਮਿਲਦੀ ਹੈ। ਨਮੂਨੇ ਵਜੋਂ ਟੈੱਸਟ ਲੈਣ ਦੀ ਪਹੁੰਚ ਸਕੂਲ ਜਾਂ ਜਿਲ੍ਹਾ ਪੱਧਰ 'ਤੇ ਇਨ੍ਹਾਂ ਬਾਰੇ ਜਾਣਕਾਰੀ ਨਹੀਂ ਦੇਵੇਗੀ:

- ਖਾਸ ਗਰੁੱਪਾਂ ਬਾਰੇ ਜਿਵੇਂ ਕਿ ਐਬੋਰਿਜਨਲ ਵਿਦਿਆਰਥੀ, ਈ ਐੱਸ ਐੱਲ ਵਿਦਿਆਰਥੀ, ਸ਼੍ਰੇਣੀ ਮੁਤਾਬਕ ਖਾਸ ਲੋੜਾਂ ਵਾਲੇ ਵਿਦਿਆਰਥੀ, ਸੰਭਾਲ ਹੇਠਲੇ ਬੱਚੇ ਅਤੇ ਨੁਕਸਾਨ ਦੀ ਜ਼ਦ ਵਿਚ ਆਉਣ ਵਾਲੇ ਹੋਰ ਵਿਦਿਆਰਥੀ
- ਸਕੂਲ ਜਿਲ੍ਹਿਆਂ ਅਤੇ ਸਕੂਲਾਂ ਬਾਰੇ
- ਸਾਰੇ ਮਾਪਿਆਂ ਅਤੇ ਟੀਚਰਾਂ ਲਈ ਵਿਦਿਆਰਥੀਆਂ ਦੀ ਪ੍ਰਾਪਤੀ ਦੇ ਨਿੱਜੀ ਪੱਧਰਾਂ ਬਾਰੇ।

ਇਹ ਜਾਣਕਾਰੀ ਸਿਰਫ ਸਾਰੇ ਵਿਦਿਆਰਥੀਆਂ ਦਾ ਟੈੱਸਟ ਲੈਣ ਦੀ ਪਹੁੰਚ ਨਾਲ ਦਿੱਤੀ ਜਾਂਦੀ ਹੈ।

ਇਹ ਪਹੁੰਚ, ਨਿੱਜੀ ਵਿਦਿਆਰਥੀਆਂ, ਵਿਦਿਆਰਥੀਆਂ ਦੇ ਗਰੁੱਪਾਂ, ਸਕੂਲਾਂ ਅਤੇ ਬੀ ਸੀ ਦੇ ਸਕੂਲ ਜਿਲ੍ਹਿਆਂ ਦੀਆਂ ਪ੍ਰਾਪਤੀਆਂ ਵਿਚ ਸੁਧਾਰ ਕਰਨ ਲਈ ਜੁਗਤਾਂ ਬਣਾਉਣ ਅਤੇ ਕੇਂਦਰਿਤ ਵਿਉਂਤਬੰਦੀ ਕਰਨ ਦੀ ਆਗਿਆ ਦਿੰਦੀ ਹੈ। ਜੇ ਨਮੂਨਾ ਲੈਣ ਦੀ ਪਹੁੰਚ ਵਰਤੀ ਜਾਵੇ ਤਾਂ ਇਹ ਜਾਣਕਾਰੀ ਮੌਜੂਦ ਨਹੀਂ ਹੋਵੇਗੀ।

5 **ਸਵਾਲ** ਵੱਡੇ ਨੈਸ਼ਨਲ ਅਤੇ ਅੰਤਰਰਾਸ਼ਟਰੀ ਟੈੱਸਟ ਨਮੂਨੇ 'ਤੇ ਆਧਾਰਿਤ ਹੁੰਦੇ ਹਨ। ਐੱਫ ਐੱਸ ਏ ਕਿਉਂ ਨਹੀਂ?

**ਜਵਾਬ** ਨੈਸ਼ਨਲ ਅਤੇ ਅੰਤਰਰਾਸ਼ਟਰੀ ਟੈੱਸਟ ਸਿਰਫ ਸੂਬਾਈ ਪੱਧਰ 'ਤੇ ਨਤੀਜੇ ਪ੍ਰਦਾਨ ਕਰਦੇ ਹਨ। ਐੱਫ ਐੱਸ ਏ ਸੂਬਾਈ ਸਕੂਲ ਸਿਸਟਮ ਦੀ ਸਮੁੱਚੀ ਕਾਰਗੁਜ਼ਾਰੀ ਨਾਲੋਂ ਜ਼ਿਆਦਾ ਬਾਰੇ ਹੈ। ਇਹ ਨਮੂਨਾ-ਆਧਾਰਿਤ ਟੈੱਸਟ, ਸਕੂਲ ਜਿਲ੍ਹਿਆਂ, ਸਕੂਲਾਂ, ਵਿਦਿਆਰਥੀਆਂ ਦੇ ਕਈ ਖਾਸ ਗਰੁੱਪਾਂ ਜਾਂ ਨਿੱਜੀ ਵਿਦਿਆਰਥੀਆਂ ਬਾਰੇ ਖਾਸ ਜਾਣਕਾਰੀ ਨਹੀਂ ਦਿੰਦੇ। ਵੱਡੇ ਅੰਤਰਰਾਸ਼ਟਰੀ ਟੈੱਸਟ, ਕਿਸੇ ਸਕੂਲ ਜਿਲ੍ਹੇ, ਕਿਸੇ ਸਕੂਲ ਜਾਂ ਕਿਸੇ ਵਿਦਿਆਰਥੀ ਦੀ ਕਾਰਗੁਜ਼ਾਰੀ ਬਾਰੇ ਕੋਈ ਜਾਣਕਾਰੀ ਨਹੀਂ ਦਿੰਦੇ।

6 **ਸਵਾਲ** ਐੱਫ ਐੱਸ ਏ ਨੂੰ ਕਿੰਨਾ ਸਮਾਂ ਲੱਗਦਾ ਹੈ?

**ਜਵਾਬ** ਤਕਰੀਬਨ ਸਾਢੇ ਚਾਰ ਘੰਟੇ। ਸਕੂਲਾਂ ਕੋਲ ਐੱਫ ਐੱਸ ਏ ਲੈਣ ਲਈ ਚਾਰ ਹਫਤੇ ਦਾ ਸਮਾਂ ਹੁੰਦਾ ਹੈ। ਬਹੁਤੇ ਸਕੂਲ ਐੱਫ ਐੱਸ ਏ ਨੂੰ ਘੱਟੋ ਘੱਟ ਤਿੰਨ ਬੈਠਕਾਂ ਵਿਚ ਲੈਂਦੇ ਹਨ ਤਾਂ ਜੋ ਵਿਦਿਆਰਥੀਆਂ ਨੂੰ ਵਧੀਆ ਤੋਂ ਵਧੀਆ ਕਾਰਗੁਜ਼ਾਰੀ ਦਿਖਾਉਣ ਦਾ ਮੌਕਾ ਮਿਲੇ।

ਵਿਦਿਆਰਥੀ ਐੱਫ ਐੱਸ ਏ ਸਿਰਫ ਗਰੇਡ 4 ਅਤੇ 7 ਵਿਚ ਹੀ ਦਿੰਦੇ ਹਨ – ਇਸ ਕਰਕੇ ਕਿੰਡਰਗਾਰਟਨ ਤੋਂ ਲੈ ਕੇ ਗਰੇਡ 9 ਤੱਕ ਸੂਬਾਈ ਟੈੱਸਟਾਂ ਲਈ ਇਹ ਸਮਾਂ 10 ਘੰਟਿਆਂ ਤੋਂ ਘੱਟ ਦਾ ਬਣਦਾ ਹੈ।

7 **ਸਵਾਲ** ਕੀ ਵਿਦਿਆਰਥੀਆਂ ਨੂੰ ਐੱਫ ਐੱਸ ਏ ਲਈ ਪ੍ਰੈਕਟਿਸ ਕਰਨ ਦੀ ਲੋੜ ਹੈ? ਕੀ ਇਹ ਪ੍ਰੈਕਟਿਸ ਕਲਾਸਰੂਮ ਵਿਚਲਾ ਸਮਾਂ ਨਹੀਂ ਘੱਟ ਕਰਦੀ?

**ਜਵਾਬ** ਵਿਦਿਆਰਥੀ ਆਪਣੇ ਕਲਾਸਰੂਮ ਦੀ ਆਮ ਪੜ੍ਹਾਈ ਵਿਚ ਪੜ੍ਹਨ, ਲਿਖਣ ਅਤੇ ਹਿਸਾਬ ਦੇ ਹੁਨਰ ਸਿੱਖਦੇ ਰਹਿੰਦੇ ਹਨ। ਟੀਚਰਾਂ ਅਤੇ ਵਿਦਿਆਰਥੀਆਂ ਨੂੰ ਐੱਫ ਐੱਸ ਏ ਲਈ "ਹੁਨਰ ਅਤੇ ਅਭਿਆਸ" ਦੀ ਲੋੜ ਨਹੀਂ ਹੈ। ਫਿਰ ਵੀ, ਵਿਦਿਆਰਥੀ ਬਿਹਤਰ ਕਾਰਗੁਜ਼ਾਰੀ ਦਿਖਾਉਣਗੇ ਜੇ ਉਹ ਐੱਫ ਐੱਸ ਏ ਦੀ ਰੂਪ-ਰੇਖਾ ਤੋਂ ਜਾਣੂ ਹੋਣ (ਸਵਾਲਾਂ ਦੀ ਕਿਸਮ, ਕੰਪਿਊਟਰ ਸੈਕਸ਼ਨਾਂ ਉੱਤੇ ਜਵਾਬ ਕਿਵੇਂ ਦੇਣਾ ਹੈ, ਅਤੇ ਲਿਖਤੀ ਸਵਾਲਾਂ ਦੇ ਜਵਾਬ ਕਿੰਨੇ ਲੰਮੇ ਹੋਣੇ ਚਾਹੀਦੇ ਹਨ)। ਐੱਫ ਐੱਸ ਏ ਦੇ ਸਵਾਲਾਂ ਦੇ ਨਮੂਨੇ ਇਸ ਵੈੱਬਸਾਈਟ 'ਤੇ ਮੌਜੂਦ ਹਨ: www.bced.gov.bc.ca/assessment/fsa/

8 **ਸਵਾਲ** ਬੀ ਸੀ ਦੇ ਵਿਦਿਆਰਥੀ ਇਹ ਟੈੱਸਟ ਕਿਉਂ ਲਿਖ ਰਹੇ ਹਨ?

**ਜਵਾਬ** ਐੱਫ ਐੱਸ ਏ ਦਾ ਮੁੱਖ ਮਕਸਦ, ਸਕੂਲਾਂ, ਸਕੂਲ ਪਲੈਨਿੰਗ ਕੌਂਸਲਾਂ, ਸਕੂਲ ਜਿਲ੍ਹਿਆਂ ਅਤੇ ਸੂਬੇ ਦੀ ਇਹ ਪਤਾ ਲਾਉਣ ਵਿਚ ਮਦਦ ਕਰਨਾ ਹੈ ਕਿ ਮੁਢਲੇ ਹੁਨਰਾਂ ਬਾਰੇ ਕੀ ਕੀਤਾ ਜਾ ਰਿਹਾ ਹੈ ਅਤੇ ਇਸ ਵਿਚ ਸੁਧਾਰ ਲਈ ਵਿਉਂਤਾਂ ਬਣਾਉਣਾ ਹੈ। ਦੂਜਾ ਮਕਸਦ, ਮਾਪਿਆਂ, ਟੀਚਰਾਂ ਅਤੇ ਪ੍ਰਿੰਸੀਪਲਾਂ ਨੂੰ ਵਿਦਿਆਰਥੀਆਂ ਬਾਰੇ ਵਿਅਕਤੀਗਤ ਜਾਣਕਾਰੀ ਦੇਣਾ ਹੈ।

ਐੱਫ ਐੱਸ ਏ ਇਹ "ਝਲਕ" ਦਿਖਾਉਂਦਾ ਹੈ ਕਿ ਮੁਢਲੇ ਹੁਨਰਾਂ ਦੇ ਸਬੰਧ ਵਿਚ ਬੀ ਸੀ ਦੇ ਵਿਦਿਆਰਥੀ ਕਿੰਨੇ ਕੁ ਚੰਗੇ ਹਨ। ਇਸ ਨਾਲ ਮਹੱਤਵਪੂਰਨ ਸਵਾਲਾਂ ਦੇ ਜਵਾਬ ਮਿਲਣ ਵਿਚ ਮਦਦ ਹੁੰਦੀ ਹੈ, ਜਿਵੇਂ ਕਿ "ਕੀ ਵਿਦਿਆਰਥੀ ਉਹ ਮਹੱਤਵਪੂਰਨ ਹੁਨਰ ਸਿੱਖ ਰਹੇ ਹਨ ਜਿਨ੍ਹਾਂ ਦੀ ਉਹਨਾਂ ਨੂੰ ਬਾਅਦ ਵਿੱਚ ਲੋੜ ਪਏਗੀ?" "ਕੀ ਵਿਦਿਆਰਥੀ ਦੀ ਕਾਮਯਾਬੀ ਵਿਚ ਸਮਾਂ ਪੈ ਕੇ ਸੁਧਾਰ ਹੋ ਰਿਹਾ ਹੈ?" "ਕੀ ਸਕੂਲ, ਜਿਲ੍ਹੇ ਜਾਂ ਸੂਬਾਈ ਪੱਧਰਾਂ 'ਤੇ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਵਿਚ ਕੋਈ ਰੁਝਾਨ ਦਿਖਾਈ ਦੇ ਰਹੇ ਹਨ?" ਅਤੇ "ਵਿਦਿਆਰਥੀਆਂ ਦੇ ਖਾਸ ਗਰੁੱਪਾਂ ਦੀ ਕਾਰਗੁਜ਼ਾਰੀ ਕਿਹੋ ਜਿਹੀ ਹੈ?"

ਐੱਫ ਐੱਸ ਏ ਦੇ ਨਤੀਜੇ ਵਿਦਿਆਰਥੀਆਂ, ਮਾਪਿਆਂ ਅਤੇ ਟੀਚਰਾਂ ਨੂੰ ਇਹ ਦਿਖਾ ਸਕਦੇ ਹਨ ਕਿ ਵਿਦਿਆਰਥੀ ਕਿਸ ਚੀਜ਼ ਵਿਚ ਬਿਹਤਰ ਹਨ ਅਤੇ ਉਨ੍ਹਾਂ ਨੂੰ ਕਿਹੜੇ ਹੁਨਰਾਂ 'ਤੇ ਕੰਮ ਕਰਨ ਦੀ ਲੋੜ ਹੈ। ਐੱਫ ਐੱਸ ਏ ਦੇ ਨਤੀਜੇ ਕਲਾਸਰੂਮ ਵਿਚਲੇ ਕੰਮ ਅਤੇ ਰਿਪੋਰਟ ਕਾਰਡ ਵਿਚਲੀ ਜਾਣਕਾਰੀ ਦੇ ਸਹਾਇਕ ਹਨ ਅਤੇ ਆਮ ਤੌਰ 'ਤੇ ਇਸ ਵੱਖ ਵੱਖ ਕਿਸਮਾਂ ਦੀ ਜਾਣਕਾਰੀ ਵਿਚਕਾਰ ਚੰਗਾ ਮੇਲ ਹੈ। ਜੇ ਫਰਕ ਹੋਣ ਤਾਂ ਮਾਪਿਆਂ ਨੂੰ ਆਪਣੇ ਬੱਚੇ ਦੇ ਟੀਚਰ ਨਾਲ ਗੱਲ ਕਰਨੀ ਚਾਹੀਦੀ ਹੈ।

**9 ਸਵਾਲ** ਕੀ ਐੱਫ ਐੱਸ ਏ ਮਹਿੰਗਾ ਹੈ?

**ਜਵਾਬ** ਐੱਫ ਐੱਸ ਏ ਦਾ ਖਰਚਾ ਗਰੇਡ 4 ਅਤੇ 7 ਵਿਚ ਪ੍ਰਤੀ ਵਿਦਿਆਰਥੀ ਪਿੱਛੇ ਤਕਰੀਬਨ 7.50 ਡਾਲਰ ਹੈ। ਇਸ ਵਿਚ ਟੈੱਸਟ ਤਿਆਰ ਕਰਨ, ਜਵਾਬਾਂ ਵਾਲੀਆਂ ਕਾਪੀਆਂ ਛਾਪਣ ਅਤੇ ਭੇਜਣ, ਨੰਬਰ ਲਗਾਉਣ ਵਾਲਿਆਂ ਨੂੰ ਸਿਖਲਾਈ ਦੇਣ ਲਈ ਸਕੂਲ ਜਿਲ੍ਹਿਆਂ ਨੂੰ ਪੈਸੇ ਦੇਣ ਵਰਗੀਆਂ ਚੀਜ਼ਾਂ ਸ਼ਾਮਲ ਹਨ ਅਤੇ ਇਸ ਵਿਚ ਸਕੂਲਾਂ ਅਤੇ ਜਿਲ੍ਹਿਆਂ ਨੂੰ ਇਸ ਚੀਜ਼ ਬਾਰੇ ਵਾਧੂ ਜਾਣਕਾਰੀ ਦੇਣਾ ਵੀ ਸ਼ਾਮਲ ਹੈ ਕਿ ਉਨ੍ਹਾਂ ਦੇ ਵਿਦਿਆਰਥੀਆਂ ਦੇ ਗਰੁੱਪ ਐੱਫ ਐੱਸ ਏ ਦੇ ਸਵਾਲਾਂ ਵਿਚ ਕਿਸ ਤਰ੍ਹਾਂ ਰਹੇ। ਸਥਾਨਕ ਨੰਬਰਾਂ ਨੂੰ ਮੁਕੰਮਲ ਕਰਨ ਲਈ ਸਕੂਲ ਜਿਲ੍ਹਿਆਂ ਦਾ ਕੁਝ ਖਰਚਾ ਹੋ ਸਕਦਾ ਹੈ।

**10 ਸਵਾਲ** ਐੱਫ ਐੱਸ ਏ ਟੈੱਸਟ ਕੌਣ ਤਿਆਰ ਕਰਦਾ ਹੈ?

**ਜਵਾਬ** ਐੱਫ ਐੱਸ ਏ ਟੈੱਸਟ ਤਿਆਰ ਕਰਨ ਲਈ ਮਨਿਸਟਰੀ ਵਲੋਂ ਬੀ ਸੀ ਦੇ ਟੀਚਰਾਂ ਨੂੰ ਠੇਕਾ ਦਿੱਤਾ ਜਾਂਦਾ ਹੈ।

**11 ਸਵਾਲ** ਐੱਫ ਐੱਸ ਏ ਟੈੱਸਟ ਕੌਣ ਦਿੰਦਾ ਹੈ?

**ਜਵਾਬ** ਬਹੁਤ ਹੀ ਸੀਮਤ ਛੋਟਾਂ ਨਾਲ, ਹਰ ਸਾਲ ਐੱਫ ਐੱਸ ਏ ਦੇ ਟੈੱਸਟ, ਬੀ ਸੀ ਦੇ ਸਰਕਾਰੀ ਸਕੂਲਾਂ ਅਤੇ ਸਰਕਾਰੀ ਫੰਡਾਂ ਨਾਲ ਚੱਲਣ ਵਾਲੇ ਆਜ਼ਾਦ ਸਕੂਲਾਂ ਦੇ ਗਰੇਡ 4 ਅਤੇ 7 ਵਿਚਲੇ ਸਾਰੇ ਵਿਦਿਆਰਥੀ ਦਿੰਦੇ ਹਨ।

**12 ਸਵਾਲ** ਐੱਫ ਐੱਸ ਏ ਕਿਸ ਕਿਸਮ ਦਾ ਟੈੱਸਟ ਹੈ?

**ਜਵਾਬ** ਪੜ੍ਹਨ ਅਤੇ ਹਿਸਾਬ ਦੇ ਟੈੱਸਟਾਂ ਵਿਚ ਬਹੁ-ਚੋਣਾਂ ਵਾਲੇ ਸਵਾਲ ਅਤੇ ਲਿਖਤੀ ਜਵਾਬ ਹੁੰਦੇ ਹਨ। ਲਿਖਾਈ ਦੇ ਭਾਗ ਵਿਚ ਲਿਖਾਈ ਦੇ ਦੋ ਸਵਾਲ ਹੁੰਦੇ ਹਨ - ਇਕ ਛੋਟਾ ਅਤੇ ਇਕ ਵੱਡਾ।

**13 ਸਵਾਲ** ਐੱਫ ਐੱਸ ਏ ਦੇ ਨੰਬਰ ਕਿਵੇਂ ਲਾਏ ਜਾਂਦੇ ਹਨ?

**ਜਵਾਬ** ਬਹੁ-ਚੋਣਾਂ ਵਾਲੇ ਸਵਾਲਾਂ ਦੇ ਨੰਬਰ ਆਪਣੇ ਆਪ ਲੱਗਦੇ ਹਨ। ਪੜ੍ਹਨ ਅਤੇ ਹਿਸਾਬ ਦੇ ਟੈੱਸਟਾਂ ਦਾ ਇਹ ਵੱਡਾ ਭਾਗ ਹਨ। ਹਰ ਸਕੂਲ ਜਿਲ੍ਹਾ ਅਤੇ ਹਰ ਆਜ਼ਾਦ ਸਕੂਲ ਲਿਖਤੀ ਸਵਾਲਾਂ ਦੇ ਨੰਬਰ ਲਾਉਂਦੇ ਹਨ। ਵਿਦਿਆਰਥੀਆਂ ਨੂੰ ਪੜ੍ਹਨ, ਲਿਖਣ ਅਤੇ ਹਿਸਾਬ ਦੇ ਵੱਖਰੇ ਵੱਖਰੇ ਨੰਬਰ ਮਿਲਦੇ ਹਨ। ਯਾਦ ਰੱਖੋ ਕਿ ਪੜ੍ਹਨ ਅਤੇ ਹਿਸਾਬ ਦੇ ਲਿਖਤੀ ਜਵਾਬ ਜ਼ਰੂਰੀ ਹਨ ਪਰ ਇਨ੍ਹਾਂ ਭਾਗਾਂ ਵਿਚ ਵਿਦਿਆਰਥੀਆਂ ਦੇ ਕੁੱਲ ਨੰਬਰਾਂ ਦਾ ਇਹ ਸਿਰਫ ਇਕ ਛੋਟਾ ਹਿੱਸਾ ਹੀ ਬਣਦੇ ਹਨ। ਐੱਫ ਐੱਸ ਏ ਲਈ ਕੋਈ ਸਮੁੱਚੇ ਨੰਬਰ ਨਹੀਂ ਹਨ।

**14 ਸਵਾਲ** ਜੇ ਲਿਖਤੀ ਭਾਗਾਂ ਦੇ ਨੰਬਰ ਸਥਾਨਕ ਤੌਰ 'ਤੇ ਲੱਗਦੇ ਹਨ ਤਾਂ ਸਾਨੂੰ ਇਹ ਕਿਵੇਂ ਪਤਾ ਲੱਗੇਗਾ ਕਿ ਨੰਬਰ ਵਾਜਬ, ਸਹੀ ਅਤੇ ਇਕਸਾਰ ਲਾਏ ਗਏ ਹਨ?

**ਜਵਾਬ** ਸਿਖਲਾਈ ਅਤੇ ਨੰਬਰ ਲਾਉਣ ਬਾਰੇ ਜਾਣਕਾਰੀ ਮਨਿਸਟਰੀ ਦੇ ਵੈੱਬਸਾਈਟ 'ਤੇ ਹੈ। ਨੰਬਰ ਲਾਉਣ ਦੇ ਸੈਸ਼ਨਾਂ ਦੌਰਾਨ, ਨੰਬਰ ਲਗਾਉਣ ਵਾਲੇ ਟਰੇਂਡ ਵਿਅਕਤੀ ਮਨਿਸਟਰੀ ਦੀਆਂ ਸੇਧਾਂ ਦੀ ਪਾਲਣਾ ਕਰਦੇ ਹਨ ਅਤੇ ਨੰਬਰਾਂ ਬਾਰੇ ਸੂਬਾਈ ਗਾਈਡਾਂ ਅਤੇ ਵਿਦਿਆਰਥੀ ਦੇ ਕੰਮ ਦੀਆਂ ਉਦਾਹਰਣਾਂ ਦੀ ਵਰਤੋਂ ਕਰਦੇ ਹਨ। ਇਸ ਤਰ੍ਹਾਂ ਸੂਬੇ ਭਰ ਵਿਚ ਸਾਂਝੇ ਮਿਆਰ ਵਰਤੇ ਜਾਂਦੇ ਹਨ। ਹਰ ਸਵਾਲ ਦੇ ਦੋ ਵਾਰ ਨੰਬਰ ਲਾਉਣੇ ਜ਼ਰੂਰੀ ਨਹੀਂ ਹਨ। ਨੰਬਰ ਲਾਉਣ ਵਾਲਿਆਂ ਨੂੰ ਸੂਬਾਈ ਮਿਆਰਾਂ ਦੀ ਬਿਹਤਰ ਸਮਝ ਪਵੇਗੀ ਜੇ ਉਹ ਆਪਣੇ ਕੁਝ ਨੰਬਰਾਂ ਬਾਰੇ ਇਕ ਦੂਜੇ ਨਾਲ ਗੱਲਬਾਤ ਕਰਦੇ ਹਨ।

ਇਸ ਤੋਂ ਇਲਾਵਾ, ਮਨਿਸਟਰੀ ਐੱਫ ਐੱਸ ਏ ਦੇ ਲਿਖਤੀ ਜਵਾਬਾਂ ਦਾ ਨਮੂਨਾ ਲੈਂਦੀ ਹੈ ਅਤੇ ਗਰਮੀਆਂ ਦੌਰਾਨ ਇਸ 'ਤੇ ਦੁਬਾਰਾ ਨੰਬਰ ਲਾਉਂਦੀ ਹੈ। ਜਿਲ੍ਹਿਆਂ ਅਤੇ ਸਕੂਲਾਂ ਵਲੋਂ ਨੰਬਰ ਲਗਾ ਦਿੱਤੇ ਜਾਣ ਤੋਂ ਛੇਤੀ ਬਾਅਦ ਉਨ੍ਹਾਂ ਤੋਂ ਉਨ੍ਹਾਂ ਦੇ ਨਮੂਨੇ ਮੰਗੇ ਜਾਂਦੇ ਹਨ। ਦੁਬਾਰਾ ਲਗਾਏ ਜਾਣ ਵਾਲੇ ਨੰਬਰ ਕਿਸੇ ਵੀ ਵਿਦਿਆਰਥੀ ਜਾਂ ਸਕੂਲ ਦੇ ਨਤੀਜੇ ਨਹੀਂ ਬਦਲਦੇ ਪਰ ਇਸ ਨਾਲ ਮਨਿਸਟਰੀ ਸਕੂਲਾਂ ਅਤੇ ਸਕੂਲ ਜਿਲ੍ਹਿਆਂ ਨੂੰ ਇਹ ਸੁਝਾਅ ਦੇ ਸਕਦੀ ਹੈ ਕਿ ਸੂਬਾਈ ਮਿਆਰਾਂ ਦੇ ਵੱਧ ਤੋਂ ਵੱਧ ਨੇੜੇ ਕਿਵੇਂ ਹੋਣਾ ਹੈ।

**15 ਸਵਾਲ** ਐੱਫ ਐੱਸ ਏ ਨੰਬਰਾਂ ਦਾ ਕੀ ਹੁੰਦਾ ਹੈ?

**ਜਵਾਬ** ਜਦੋਂ ਸਕੂਲ ਮਨਿਸਟਰੀ ਨੂੰ ਲਿਖਤੀ ਸਵਾਲਾਂ ਦੇ ਨੰਬਰ ਦੇ ਦਿੰਦੇ ਹਨ ਤਾਂ ਫਿਰ ਮਨਿਸਟਰੀ ਇਨ੍ਹਾਂ ਨੰਬਰਾਂ ਨੂੰ ਬਹੁ-ਚੋਣਾਂ ਵਾਲੇ ਨੰਬਰਾਂ ਨਾਲ ਰਲਾਉਂਦੀ ਹੈ ਅਤੇ ਕੁੱਲ ਨੰਬਰਾਂ ਨੂੰ ਹਰ ਵਿਦਿਆਰਥੀ ਲਈ ਰਿਪੋਰਟ ਦੇ ਤੌਰ 'ਤੇ ਸਕੂਲਾਂ ਨੂੰ ਵਾਪਸ ਦਿੰਦੀ ਹੈ। ਫਿਰ ਸਕੂਲ ਹਰ ਵਿਦਿਆਰਥੀ ਦਾ ਨਤੀਜਾ ਮਾਪਿਆਂ ਨਾਲ ਸਾਂਝਾ ਕਰਦਾ ਹੈ।

ਸਕੂਲ ਮਾਰਚ ਵਿਚ ਮਾਪਿਆਂ ਲਈ ਘਰ ਨੂੰ ਹਰ ਵਿਦਿਆਰਥੀ ਦੇ ਐੱਫ ਐੱਸ ਏ ਦੇ ਤਿੰਨ ਵੱਖ ਵੱਖ ਨੰਬਰ (ਪੜ੍ਹਨ, ਲਿਖਣ ਅਤੇ ਹਿਸਾਬ ਦੇ) ਭੇਜਦੇ ਹਨ। ਇਹ ਨਤੀਜੇ, ਅੰਕ, ਅੱਖਰ ਗਰੇਡ ਜਾਂ ਪ੍ਰਤੀਸ਼ਤ ਨਹੀਂ ਹਨ। ਇਹ ਨੰਬਰ ਆਮ ਸ਼੍ਰੇਣੀਆਂ ਵਿਚ ਰੱਖੇ ਜਾਂਦੇ ਹਨ: "ਕਾਰਗੁਜ਼ਾਰੀ ਦਾ ਪੱਧਰ ਅਣਜਾਣਿਆ ਹੈ", "ਅਜੇ ਉਮੀਦਾਂ ਪੂਰੀਆਂ ਨਹੀਂ ਕਰਦਾ/ਕਰਦੀ", "ਉਮੀਦਾਂ ਪੂਰੀਆਂ ਕਰਦਾ/ਕਰਦੀ ਹੈ" ਜਾਂ "ਉਮੀਦ ਤੋਂ ਅਗਾਂਹ ਹੈ"। ਸਕੂਲ ਇਹ ਨਤੀਜੇ ਉਸ ਕਿਤਾਬਚੇ ਦੇ ਨਾਲ ਘਰ ਭੇਜਣਗੇ ਜਿਹੜਾ ਵਿਦਿਆਰਥੀ ਨੇ ਐੱਫ ਐੱਸ ਏ ਲਈ ਲਿਖਤੀ ਕੰਮ ਲਈ ਵਰਤਿਆ ਸੀ। ਮਾਪਿਆਂ ਨੂੰ ਉਤਸ਼ਾਹ ਦਿੱਤਾ ਜਾਂਦਾ ਹੈ ਕਿ ਉਹ ਨਤੀਜਿਆਂ ਬਾਰੇ ਆਪਣੇ ਬੱਚੇ ਦੇ ਟੀਚਰ ਨਾਲ ਵਿਚਾਰ ਕਰਨ।

ਵਿਦਿਆ ਮਹਿਕਮਾ, ਸਕੂਲਾਂ ਤੋਂ ਹਰ ਵਿਦਿਆਰਥੀ ਦੇ ਨੰਬਰਾਂ ਨੂੰ ਸਕੂਲ, ਜ਼ਿਲ੍ਹੇ ਅਤੇ ਸੂਬੇ ਦੇ ਨਤੀਜੇ ਕੱਢਣ ਲਈ ਵਰਤਦਾ ਹੈ। ਇਸ ਪੜਾ 'ਤੇ, ਪਹਿਲਾਂ ਨੰਬਰਾਂ ਵਿੱਚ "ਵਾਧਾ" ਕੀਤਾ ਜਾਂਦਾ ਹੈ (ਉਦਾਹਰਣ ਲਈ, ਜ਼ਿਆਦਾ ਔਖੇ ਸਵਾਲਾਂ ਬਾਰੇ, ਹਰ ਸਵਾਲ ਲਈ ਸੂਬੇ ਭਰ ਵਿਚਲੇ ਸਾਰੇ ਵਿਦਿਆਰਥੀਆਂ ਦੀ ਪ੍ਰਦਰਸ਼ਨੀ ਨੂੰ ਆਧਾਰ ਬਣਾ ਕੇ ਥੋੜ੍ਹੇ ਜਿਹੇ "ਵਾਧੂ ਕਰੈਡਿਟ" ਦਿੱਤੇ ਜਾਂਦੇ ਹਨ)। ਅਤੇ ਫਿਰ ਨਤੀਜਿਆਂ ਦੀ "ਤੁਲਨਾ" ਕੀਤੀ ਜਾਂਦੀ ਹੈ ਅਤੇ ਇਹ ਤੁਲਨਾ ਇਹ ਦੇਖ ਕੇ ਕੀਤੀ ਜਾਂਦੀ ਹੈ ਕਿ ਉਨ੍ਹਾਂ ਸਵਾਲਾਂ ਬਾਰੇ ਬੀ ਸੀ ਦੇ ਸਾਰੇ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਕਿਵੇਂ ਰਹੀ ਜਿਹੜੇ ਸਵਾਲ ਐੱਫ ਐੱਸ ਏ ਦੇ ਪਿਛਲੇ ਸਾਲਾਂ ਵਿਚ ਵਰਤੇ ਗਏ ਸਨ। ਕੁਝ ਸਵਾਲਾਂ ਨੂੰ ਸੁਰੱਖਿਅਤ ਰੱਖਿਆ ਜਾਂਦਾ ਹੈ ਅਤੇ ਇਹ ਦੇਖਣ ਲਈ "ਆਧਾਰ" ਦੇ ਤੌਰ 'ਤੇ ਵਰਤਿਆ ਜਾਂਦਾ ਹੈ ਕਿ ਕੀ ਇਕ ਸਾਲ ਤੋਂ ਅਗਲੇ ਸਾਲ ਵਿਚ ਸੁਧਾਰ ਹੋਇਆ ਹੈ।

ਅੰਤਿਮ ਸਕੂਲ ਨਤੀਜੇ ਬਹਾਰ-ਰੁੱਤ ਵਿਚ ਤਿਆਰ ਹੁੰਦੇ ਹਨ। ਸਕੂਲ ਅਤੇ ਜ਼ਿਲ੍ਹੇ ਇਸ ਜਾਣਕਾਰੀ ਦੀ ਵਰਤੋਂ ਵਿਉਂਤਬੰਦੀ ਕਰਨ ਅਤੇ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਵਿਚਲੇ ਰੁਝਾਨਾਂ 'ਤੇ ਨਿਗਰਾਨੀ ਰੱਖਣ ਲਈ ਕਰਦੇ ਹਨ।

**16 ਸਵਾਲ** ਕੀ ਐੱਫ ਐੱਸ ਏ ਦੇ ਨਤੀਜੇ ਵਿਦਿਆਰਥੀਆਂ ਦੇ ਰਿਪੋਰਟ ਕਾਰਡ ਦੇ ਨੰਬਰਾਂ ਵਿਚ ਗਿਣੇ ਜਾਂਦੇ ਹਨ?

**ਜਵਾਬ** ਨਹੀਂ, ਐੱਫ ਐੱਸ ਏ ਦੇ ਨਤੀਜੇ ਵਿਦਿਆਰਥੀਆਂ ਦੇ ਰਿਪੋਰਟ ਕਾਰਡ ਦੇ ਨੰਬਰਾਂ ਵਿਚ ਨਹੀਂ ਗਿਣੇ ਜਾਂਦੇ। ਫਿਰ ਵੀ, ਐੱਫ ਐੱਸ ਏ ਦੇ ਨਤੀਜੇ ਰਿਪੋਰਟ ਕਾਰਡ ਦੇ ਨੰਬਰਾਂ ਅਤੇ ਕਲਾਸਰੂਮ ਵਿਚਲੀਆਂ ਗਤੀਵਿਧੀਆਂ ਦੇ ਨਤੀਜਿਆਂ ਵਰਗੀ ਹੋਰ ਜਾਣਕਾਰੀ ਵਿਚ ਵਾਧਾ ਕਰ ਸਕਦੇ ਹਨ। ਕਦੇ ਕਦੇ ਐੱਫ ਐੱਸ ਏ ਦੀ ਜਾਣਕਾਰੀ ਉਸ ਜਾਣਕਾਰੀ ਨਾਲੋਂ ਵੱਖਰੀ ਦਿਖਾਈ ਦਿੰਦੀ ਹੈ ਜਿਹੜੀ ਮਾਪਿਆਂ ਨੂੰ ਸਕੂਲ ਤੋਂ ਮਿਲ ਰਹੀ ਹੈ। ਬੱਚੇ ਦਾ ਅਧਿਆਪਕ ਇਸ ਬਾਰੇ ਬਿਹਤਰ ਦੱਸ ਸਕਦਾ ਹੈ ਕਿ ਅਜਿਹਾ ਕਿਉਂ ਹੈ।
ਐਫ ਐਸ ਏ ਦੇ ਨਤੀਜੇ ਵਿਦਿਆਰਥੀ ਦੀ ਪੜ੍ਹਾਈ ਵਿਚ ਸੁਧਾਰ ਕਰਨ ਲਈ ਵਿਚਾਰ ਵਟਾਂਦਰਾ ਕਰਨ ਲਈ ਮਾਪਿਆਂ ਅਤੇ ਟੀਚਰਾਂ ਲਈ ਮਦਦਗਾਰ ਹੋਣੇ ਚਾਹੀਦੇ ਹਨ।

**17 ਸਵਾਲ** ਮਾਪੇ ਅਤੇ ਟੀਚਰ ਐੱਫ ਐੱਸ ਏ ਦੀ ਸਹਾਇਤਾ ਕਿਵੇਂ ਕਰ ਸਕਦੇ ਹਨ?

**ਜਵਾਬ** ਸਾਰੇ ਬੱਚਿਆਂ ਨੂੰ ਇਹ ਉਤਸ਼ਾਹ ਦਿਉ ਕਿ ਉਹ ਆਪਣੇ ਉੱਪਰ ਬੋਝ ਪਾਏ ਬਿਨਾਂ ਆਪਣੀ ਪੂਰੀ ਵਾਹ ਲਾਉਣ। ਉਨ੍ਹਾਂ ਨੂੰ ਚੇਤਾ ਕਰਵਾਉ ਕਿ ਕੁਝ ਸਵਾਲ ਪਿਛਲੇ ਸਕੂਲ ਸਾਲ ਵਿਚ ਕੀਤੀ ਪੜ੍ਹਾਈ ਉੱਪਰ ਆਧਾਰਿਤ ਹੋ ਸਕਦੇ ਹਨ ਅਤੇ ਕੁਝ ਅਜਿਹੇ ਹੋ ਸਕਦੇ ਹਨ ਜਿਹਨਾਂ ਦੀ ਪੜ੍ਹਾਈ ਅਜੇ ਕੀਤੀ ਨਾ ਗਈ ਹੋਵੇ। ਇਹ ਆਮ ਹੈ ਕਿਉਂਕਿ ਕੁਝ ਵਿਸ਼ੇ ਵੱਖ ਵੱਖ ਸਕੂਲਾਂ ਵਿਚ ਵੱਖ ਵੱਖ ਤਰਤੀਬ ਵਿਚ ਪੜ੍ਹਾਏ ਜਾਂਦੇ ਹਨ। ਮਾਪੇ ਇਹ ਪੱਕਾ ਕਰ ਸਕਦੇ ਹਨ ਕਿ ਟੈੱਸਟਾਂ ਦੇ ਸਮੇਂ ਦੌਰਾਨ ਉਨ੍ਹਾਂ ਦੇ ਬੱਚਿਆਂ ਨੇ ਚੰਗਾ ਆਰਾਮ ਕੀਤਾ ਹੋਵੇ ਅਤੇ ਉਹ ਸਕੂਲ ਜਾਣ। ਮਾਪੇ ਮਾਰਚ ਵਿਚ ਨਤੀਜਿਆਂ ਬਾਰੇ ਆਪਣੇ ਬੱਚਿਆਂ ਅਤੇ ਉਨ੍ਹਾਂ ਦੇ ਟੀਚਰਾਂ ਨਾਲ ਵਿਚਾਰ ਵੀ ਕਰ ਸਕਦੇ ਹਨ।

**18 ਸਵਾਲ** ਖਾਸ ਲੋੜਾਂ ਵਾਲੇ ਬੱਚਿਆਂ ਬਾਰੇ ਕੀ ਖਿਆਲ ਹੈ?

**ਜਵਾਬ** ਜਿੱਥੇ ਵੀ ਸੰਭਵ ਹੋਵੇ, ਸਾਰੇ ਬੱਚਿਆਂ ਨੂੰ ਆਪਣੀ ਪੜ੍ਹਾਈ ਦੇ ਸਾਰੇ ਪੱਖਾਂ ਵਿਚ ਹਿੱਸਾ ਲੈਣ ਲਈ ਉਤਸ਼ਾਹਤ ਕੀਤਾ ਜਾਂਦਾ ਹੈ ਜਿਸ ਵਿਚ ਐੱਫ ਐੱਸ ਏ ਵੀ ਸ਼ਾਮਲ ਹੈ। ਉਚੇਚੀਆਂ ਲੋੜਾਂ ਵਾਲੇ ਕੁਝ ਵਿਦਿਆਥੀਆਂ ਨੂੰ ਸਾਰੇ ਐੱਫ ਐੱਸ ਏ ਵਿੱਚੋਂ ਜਾਂ ਇਸ ਦੇ ਕੁਝ ਹਿੱਸੇ ਵਿੱਚੋਂ ਛੋਟ ਦਿੱਤੀ ਜਾ ਸਕਦੀ ਹੈ। ਇਨ੍ਹਾਂ ਵਿਦਿਆਰਥੀਆਂ ਦੀ ਪਛਾਣ ਕਰਨ ਲਈ ਸਕੂਲਾਂ ਨੂੰ ਸੇਧਾਂ ਮਿਲਦੀਆਂ ਹਨ ਅਤੇ ਜੇ ਕਿਸੇ ਬੱਚੇ ਨੂੰ ਛੋਟ ਦਿੱਤੀ ਜਾਣੀ ਹੋਵੇ ਤਾਂ ਸਕੂਲ ਮਾਪਿਆਂ ਜਾਂ ਗਾਰਡੀਅਨਾਂ ਨੂੰ ਦੱਸਦੇ ਹਨ।

**19 ਸਵਾਲ** ਈ ਐੱਸ ਐੱਲ ਦੇ ਵਿਦਿਆਰਥੀਆਂ ਬਾਰੇ ਕੀ ਖਿਆਲ ਹੈ?

**ਜਵਾਬ** ਈ ਐੱਸ ਐੱਲ ਦੇ ਬਹੁਤੇ ਵਿਦਿਆਰਥੀ ਐੱਫ ਐੱਸ ਏ ਦੇ ਸਾਰੇ ਪੱਖਾਂ ਵਿਚ ਹਿੱਸਾ ਲੈਂਦੇ ਹਨ। ਕੁਝ – ਜਿਨ੍ਹਾਂ ਨੂੰ ਅਜੇ ਮੁਢਲੀ ਪੱਧਰ ਦੀ ਅੰਗਰੇਜ਼ੀ ਨਹੀਂ ਆਉਂਦੀ- ਹਿੱਸਾ ਨਹੀਂ ਲੈਂਦੇ।

**20 ਸਵਾਲ** ਪ੍ਰੋਗਰਾਮ ਫ੍ਰੈਂਕੋਫੋਨ ਅਤੇ ਫਰੈਂਚ ਇਮਰਸ਼ਨ ਦੇ ਵਿਦਿਆਰਥੀਆਂ ਬਾਰੇ ਕੀ ਕਹਿਣਾ ਹੈ?

**ਜਵਾਬ** ਪ੍ਰੋਗਰਾਮ ਫ੍ਰੈਂਕੋਫੋਨ ਦੇ ਵਿਦਿਆਰਥੀਆਂ ਨੂੰ ਐੱਫ ਐੱਸ ਏ ਦਾ ਫਰਾਂਸੀਸੀ ਰੂਪ ਮਿਲਦਾ ਹੈ ਅਤੇ ਉਹ ਫਰਾਂਸੀਸੀ ਵਿਚ ਜਵਾਬ ਦਿੰਦੇ ਹਨ। ਫਰੈਂਚ ਇਮਰਸ਼ਨ ਦੇ ਵਿਦਿਆਰਥੀਆਂ ਨੂੰ ਅੰਗਰੇਜ਼ੀ ਰੂਪ ਮਿਲਦਾ ਹੈ ਅਤੇ ਉਹ ਅੰਗਰੇਜ਼ੀ ਵਿਚ ਜਵਾਬ ਦਿੰਦੇ ਹਨ।

**21 ਸਵਾਲ** ਮੈਨੂੰ ਐੱਫ ਐੱਸ ਏ ਬਾਰੇ ਜ਼ਿਆਦਾ ਜਾਣਕਾਰੀ ਕਿਵੇਂ ਮਿਲ ਸਕਦੀ ਹੈ?

**ਜਵਾਬ** ਤੁਹਾਨੂੰ ਮਨਿਸਟਰੀ ਦੇ ਵੈੱਬਸਾਈਟ www.bced.gov.bc.ca/assessment/fsa/ ’ਤੇ ਅੱਗੇ ਦਿੱਤੀ ਜਾਣਕਾਰੀ ਮਿਲੇਗੀ:

- ਐੱਫ ਐੱਸ ਏ ਟੈੱਸਟਾਂ ਦੇ ਨਮੂਨੇ – ਜਿਸ ਵਿਚ ਇੰਟਰਨੈੱਟ ਉਪਰਲੇ ਸਵਾਲ ਵੀ ਸ਼ਾਮਲ ਹਨ
- ਨੰਬਰ ਲਾਉਣ ਬਾਰੇ ਗਾਈਡਾਂ
- ਐੱਫ ਐੱਸ ਏ ਦੇ ਆਮ ਸਵਾਲਾਂ ਪ੍ਰਤੀ ਵਿਦਿਆਰਥੀਆਂ ਦੇ ਜਵਾਬਾਂ ਦੇ ਨਮੂਨੇ
- ਵਿਦਿਆਰਥੀਆਂ ਦੀਆਂ ਵਿਅਕਤੀਗਤ ਰਿਪੋਰਟਾਂ ਦੇ ਨਮੂਨੇ
- ......ਅਤੇ ਹੋਰ ਬਹੁਤ ਕੁਝ......

ਸਕੂਲਾਂ ਦੇ ਨਤੀਜੇ ਇਸ ਸਾਈਟ ਰਾਹੀਂ ਬਹਾਰ-ਰੁੱਤ ਵਿਚ ਮਿਲਣਗੇ। ਸਕੂਲਾਂ ਨੂੰ ਇਸ ਚੀਜ਼ ਬਾਰੇ ਵੀ ਵਾਧੂ ਜਾਣਕਾਰੀ ਮਿਲੇਗੀ ਕਿ ਟੈੱਸਟ ਦੇ ਖਾਸ ਸਵਾਲਾਂ ਬਾਰੇ ਉਨ੍ਹਾਂ ਦੇ ਵਿਦਿਆਰਥੀ ਇਕ ਗਰੁੱਪ ਵਜੋਂ ਕਿਵੇਂ ਰਹੇ। ਇਹ ਜਾਣਕਾਰੀ www.edudata.educ.ubc.ca ਵੈੱਬਸਾਈਟ ’ਤੇ ਮਿਲਦੀ ਹੈ।

**22 ਸਵਾਲ** ਸਕੂਲ ਅਤੇ ਜਿਲ੍ਹੇ ਐੱਫ ਐੱਸ ਏ ਦੇ ਨਤੀਜਿਆਂ ਦਾ ਕੀ ਕਰਦੇ ਹਨ?

**ਜਵਾਬ** ਸਕੂਲ ਅਤੇ ਜਿਲ੍ਹੇ ਆਪਣੇ ਨਤੀਜਿਆਂ ਦੀ ਵਰਤੋਂ ਵਿਉਂਤਬੰਦੀ ਕਰਨ ਅਤੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਵਿਚ ਆਉਣ ਵਾਲੇ ਰੁਝਾਨਾਂ ’ਤੇ ਨਿਗ੍ਹਾ ਰੱਖਣ ਲਈ ਕਰਦੇ ਹਨ। ਐੱਫ ਐੱਸ ਏ ਦੇ ਨਤੀਜੇ ਸਕੂਲਾਂ ਅਤੇ ਜਿਲ੍ਹਿਆਂ ਦੀ ਇਹ ਦੇਖਣ ਵਿਚ ਮਦਦ ਕਰ ਸਕਦੇ ਹਨ ਕਿ ਕੀ ਉਹ ਇਕ ਸਾਲ ਤੋਂ ਬਾਅਦ ਅਗਲੇ ਸਾਲ ਵਿਚ ਜ਼ਿਆਦਾ ਪ੍ਰਾਪਤੀਆਂ ਕਰ ਰਹੇ ਹਨ। ਹਰ ਸਕੂਲ ਦਾ ਟੀਚਾ ਸਮਾਂ ਪਾ ਕੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਵਿਚ ਸੁਧਾਰ ਕਰਨਾ ਹੈ।

ਸਕੂਲ ਜਾਂ ਜਿਲ੍ਹੇ ਦੇ ਨਤੀਜਿਆਂ ਬਾਰੇ ਸਵਾਲ ਸਕੂਲ ਪ੍ਰਿੰਸੀਪਲ, ਸਕੂਲ ਪਲੈਨਿੰਗ ਕੌਂਸਲ ਜਾਂ ਸੁਪਰਡੈਂਟ ਤੋਂ ਪੁੱਛੇ ਜਾਣੇ ਚਾਹੀਦੇ ਹਨ।